Learning from home in case of school closures

Information for parents and carers

# ਜੇ ਸਕੂਲ ਬੰਦ ਹੋ ਜਾਣ ਤਾਂ ਘਰ ਵਿੱਚ ਸਿਖਿਆ (ਪੜ੍ਹਾਈ)

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

ਤੁਹਾਡੇ ਬੱਚੇ ਦੇ ਸਕੂਲ ਨੂੰ ਬੰਦ ਕਰਨ ਦੀ ਜ਼ਰੂਰਤ ਪੈਣ 'ਤੇ, ਸਕੂਲ ਆਪਣੇ ਆਮ ਚੈਨਲਾਂ ਦੁਆਰਾ ਪਰਿਵਾਰਾਂ ਨਾਲ ਗਲਬਾਤ ਕਰੇਗਾ (ਇਹ ਈਮੇਲ, SMS (ਐਸ ਐੱਮ ਐਸ), ਵੈਬਸਾਈਟਾਂ ਦੁਆਰਾ ਹੋ ਸਕਦਾ ਹੈ)।

ਜੇ ਸਕੂਲ ਲੰਬੇ ਸਮੇਂ ਲਈ ਬੰਦ ਹੋਣ, ਤਾਂ ਸਕੂਲ ਤੁਹਾਡੇ ਬੱਚੇ ਲਈ ਘਰ ਵਿੱਚ ਸਿਖਲਾਈ ਦੀਆਂ ਗਤੀਵਿਧੀਆਂ ਜਾਰੀ ਰੱਖੇਗਾ ਅਤੇ ਇਸ ਸਿਖਲਾਈ ਲਈ ਤੁਹਾਡੇ ਨਾਲ ਗਲਬਾਤ ਕਰੇਗਾ।

ਰਾਜ ਦੇ ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕ ਪਹਿਲਾਂ ਹੀ ਆਨਲਾਈਨ ਸੰਦਾਂ (online tools) ਦੀ ਵਰਤੋਂ ਕਰਕੇ ਸਿਖਲਾਈ ਦੀਆਂ ਗਤੀਵਿਧੀਆਂ ਦਾ ਪ੍ਰਬੰਧ ਕਰਕੇ  ਉਨ੍ਹਾਂ ਨੂੰ ਪ੍ਰਦਾਨ ਕਰਦੇ ਹਨ। ਕੁਝ ਸਕੂਲ ਤੁਹਾਡੇ ਬੱਚੇ ਦੀ ਸਿਖਲਾਈ ਦੀਆਂ ਵਧੇਰੇ ਗਤੀਵਿਧੀਆਂ ਆਨਲਾਈਨ ਭੇਜ ਸਕਦੇ ਹਨ। ਇਸ ਵਿੱਚ ਕੁਝ ਮੌਜੂਦਾ ਸਬਕ (live lessons) ਵੀ ਸ਼ਾਮਲ ਹੋ ਸਕਦੇ ਹਨ। ਜੇ ਤੁਹਾਡੇ ਜਾਂ ਤੁਹਾਡੇ ਸਕੂਲ ਕੋਲ ਡਿਜੀਟਲ (digital) ਜਾਂ ਆਨਲਾਈਨ ਵਿਕਲਪ ਨਹੀਂ ਹਨ ਤਾਂ ਉਹ ਗੈਰ-ਡਿਜੀਟਲ ਰਣਨੀਤੀਆਂ ਦੀ ਵਰਤੋਂ ਵੀ ਕਰ ਸੱਕਣਗੇ। ਇਸ ਵਿੱਚ ਵਰਕਸ਼ੀਟਾਂ, ਪਾਠ ਪੁਸਤਕਾਂ ਜਾ USB ਡ੍ਰਾਈਵ ਸ਼ਾਮਲ ਹਨ ਜਿਨ੍ਹਾਂ ਵਿਚ ਡਿਜੀਟਲ ਵਰਕਸ਼ੀਟਾਂ ਅਤੇ ਵਿਡਿਓ ਵੀ ਹੋਣਗੇ ਜੋ ਤੁਹਾਡੇ ਘਰ ਤੁਹਾਡੇ ਬੱਚੇ ਨਾਲ ਜਾ ਡਾਕ ਰਾਹੀਂ ਭੇਜੇ ਜਾਣਗੇ।

ਅਧਿਆਪਕ ਫੋਨ ਕਾਲਾਂ ਰਾਹੀਂ ਸਮੂਹਾਂ ਵਿੱਚ ਜਾਂ ਇਕੱਲੇ ਵਿਦਿਆਰਥੀਆਂ ਨਾਲ ਸੰਪਰਕ ਵੀ ਕਰ ਸਕਦੇ ਹਨ।

ਜਾਣਕਾਰੀ ਸ਼ੀਟ ਤੁਹਾਨੂੰ ਸਮਝਾ ਸਕਦੀ ਹੈ ਕਿ ਤੁਹਾਡੇ ਬੱਚੇ ਦੀ ਘਰ ਵੱਚ ਸਿਖਲਾਈ ਲਈ ਤੁਸੀਂ ਕਿਵੇਂ ਸਹਾਇਤਾ ਕਰ ਸਕਦੇ ਹੋ ਜਿਸ ਵਿੱਚ ਸ਼ਾਮਲ ਹੈ:

- ਤੁਹਾਡੀਆਂ ਜ਼ਿੰਮੇਵਾਰੀਆਂ – ਤੁਹਾਡੇ ਬੱਚੇ ਨੂੰ ਘਰ ਵਿੱਚੋਂ ਸਿਖਿਆ ਲੈਣ ਵਿੱਚ ਮਦਦ ਕਰਨ ਲਈ ਤੁਹਾਨੂੰ ਕੁਝ ਕਰਨ ਦੀ ਜ਼ਰੂਰਤ ਹੋਵੇਗੀ ਜਿਵੇਂ ਕਿ ਰੁਟੀਨਾਂ ਨਿਰਧਾਰਤ ਕਰਨੀਆਂ, ਇੱਕ ਸ਼ਾਂਤ ਜਗ੍ਹਾ ਲੱਭਣੀ ਅਤੇ ਇਹ ਪੁੱਛਣਾ ਕਿ ਉਨ੍ਹਾਂ ਦੀ ਸਿਖਲਾਈ ਕਿਵੇਂ ਤਰੱਕੀ ਕਰ ਰਹੀ ਹੈ।
- ਤੁਹਾਡੇ ਬੱਚੇ ਦੀਆਂ ਜ਼ਿੰਮੇਵਾਰੀਆਂ – ਤੁਹਾਡੇ ਬੱਚੇ ਨੂੰ ਵੀ ਉਨ੍ਹਾਂ ਲਈ ਨਿਰਧਾਰਤ ਕੀਤੀਆਂ ਰੁਟੀਨਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਅਧਿਆਪਕ ਵਲੋਂ ਉਨ੍ਹਾਂ ਦਾ ਸਭ ਤੋਂ ਵਧੀਆ ਕੰਮ ਕਰਦਿਆਂ ਕਾਰਜਾਂ ਨੂੰ ਪੂਰਾ ਕਰਨ ਦੀ ਜ਼ਰੂਰਤ ਹੋਵੇਗੀ।
- ਉਨ੍ਹਾ ਦੇ ਦਿਨ ਦੀ ਯੋਜਨਾ ਕਿਵੇਂ ਬਣਾਈ ਜਾਵੇ – ਤੁਹਾਡੇ ਸਕੂਲ ਵਲੋਂ ਤੁਹਾਨੂੰ ਕੋਈ ਸਲਾਹ ਅਤੇ ਗਾਈਡ ਦੇਣੀ ਚਾਹੀਦੀ ਹੈ ਕਿ ਤੁਹਾਡੇ ਬੱਚੇ ਨੂੰ ਦਿਨ ਦੌਰਾਨ ਕੀ ਕਰਨਾ ਚਾਹੀਦਾ ਹੈ।
- ਉਨ੍ਹਾਂ ਦੀ ਤੰਦਰੁਸਤੀ ਦੀ ਦੇਖਭਾਲ –ਤੁਹਾਨੂੰ ਇਹ ਨਿਸਚਿਤ ਕਰਨ ਦੀ ਜ਼ਰੂਰਤ ਹੋਵੇਗੀ ਕਿ ਉਹ ਕੁੱਝ ਸਮੇਂ ਲਈ ਛੁਟੀ ਲੈਣ, ਪਾਣੀ ਪੀਣ ਅਤੇ ਉਹ ਤਣਾਓ ਭਰਪੂਰ ਜਾਂ ਚਿੰਤਤ ਤਾਂ ਨਹੀਂ ਹੋ ਰਹੇ।
- ਸੰਚਾਰ – ਇਹ ਮਹੱਤਵਪੂਰਣ ਹੋਵੇਗਾ ਕਿ ਤੁਸੀਂ ਨਿਯਮਤ ਤੌਰ'ਤੇ ਆਪਣੇ ਬੱਚੇ ਨਾਲ ਉਨ੍ਹਾਂ ਦੀ ਸਿਖਲਾਈ ਸਬੰਧੀ ਗਲ ਕਰੋ। ਤੁਹਾਡੇ ਬੱਚੇ ਦਾ ਅਧਿਆਪਕ ਅਤੇ/ਜਾਂ ਸਕੂਲ ਤੁਹਾਡੇ ਨਾਲ ਗਲਬਾਤ ਕਰੇਗਾ ਅਤੇ ਤੁਹਾਨੂੰ ਦੱਸੇਗਾ ਕਿ ਉਨ੍ਹਾਂ ਨਾਲ ਸੰਪਰਕ ਕਿਵੇਂ ਕਰਨਾ ਹੈ।
- ਤਕਨੌਲਜੀ ਅਤੇ ਸਕ੍ਰੀਨ ਦੇ ਸਮੇਂ ਦੀ ਵਰਤੋਂ - ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਬੱਚੇ ਦੀ  ਤਕਨੌਲਜੀ ਦੀ ਵਰਤੋਂ ਸੁਰੱਖਿਅਤ ਢੰਗ ਨਾਲ ਕਰਨ ਲਈ ਦੇਖਭਾਲ ਕਰੋ ਅਤੇ ਆਨਲਾਈਨ ਸਮ੍ਹਾ ਬਿਤਾਉਣ 'ਤੇ ਵੀ ਸੀਮਾਵਾਂ ਰੱਖੋ।

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਕਾਲ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿਛ ਵਿੱਚ ਸਹਾਇਤਾ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਕਾਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਇਹ ਸੇਵਾ ਤੁਹਾਡੇ ਲਈ ਮੁਫਤ ਹੋਵੇਗੀ।